# ਆਪਣੀ ਗੱਲ ਵੀ ਕਹੋ, ਅਤੇ ਸਾਡੀ ਬਰਾਬਰੀ ਦੀ ਸਕੀਮ ਬਣਾਉਣ ਵਿਚ ਸਾਡੀ ਮਦਦ ਵੀ ਕਰੋ

ਨੈਸ਼ਨਲ ਅਸੈਂਬਲੀ ਫ਼ਾੱਰ ਵੇਲਜ਼ ਕਮਿਸ਼ਨ ਪਤਾ ਕਰ ਰਿਹਾ ਹੈ ਕਿ ਬਰਾਬਰੀ ਲਿਆਉਣ ਲਈ ਕਿਹੜੇ ਕੰਮਾਂ ਨੂੰ ਪਹਿਲ ਦੇਣੀ ਚਾਹੀਦੀ ਹੈ, ਜਿਸ ਜਾਣਕਾਰੀ ਦੀ ਵਰਤੋਂ ਇਹਦੀ ਸਿੰਗਲ ਇਕੁਆਲਿਟੀਜ਼ ਸਕੀਮ ਅਤੇ ਐਕਸ਼ਨ ਪਲਾਨ (ਬਰਾਬਰੀ ਦੀ ਇੱਕੋ ਇਕ ਸਕੀਮ ਅਤੇ ਕੰਮ ਕਾਜ ਦੀ ਯੋਜਨਾ) ਤਿਆਰ ਕਰਨ ਲਈ ਕੀਤੀ ਜਾਏਗੀ। ਬਰਾਬਰੀ ਨਾਲ ਸੰਬੰਧਤ ਇਹਨਾਂ ਮੁੱਦਿਆਂ ਵਲ ਸਾਡੀ ਸਕੀਮ ਵਿਚ ਖ਼ਾਸ ਧਿਆਨ ਦਿੱਤਾ ਜਾਏਗਾ - ਉਮਰ, ਨਿਰਯੋਗਤਾ, ਲਿੰਗ/ਲਿੰਗ ਪਛਾਣ, ਨਸਲ/ਨਸਲੀ ਪਿਛੋਕੜ, ਧਰਮ/ਵਿਸ਼ਵਾਸ, ਅਤੇ ਜਿਨਸੀ ਝੁਕਾਓ।

ਇਸ ਸਕੀਮ ਵਿਚ ਅਸੈਂਬਲੀ ਕਮਿਸ਼ਨ ਦੇ ਨੌਕਰੀ ਦੇਣ, ਅਸੈਂਬਲੀ ਮੈਂਬਰਾਂ ਨੂੰ ਸੇਵਾਵਾਂ ਦੇਣ ਅਤੇ ਵੇਲਜ਼ ਦੇ ਲੋਕਾਂ ਨਾਲ ਵਰਤਾਓ ਕਰਨ ਦੇ ਕੰਮਾਂ ਨੂੰ ਸ਼ਾਮਿਲ ਕੀਤਾ ਜਾਏਗਾ। ਸਾਡਾ ਯਕੀਨ ਹੈ ਕਿ ਜਿਹਨਾਂ ਕੰਮਾਂ ਨੂੰ ਅਸੀਂ ਪਹਿਲ ਦੇਣੀ ਹੈ ਉਹਨਾਂ ਵਿਚੋਂ ਇਕ ਕੰਮ ਇਹ ਹੈ ਕਿ ਜਿਹਨਾਂ ਲੋਕਾਂ ਦੀ ਨੁਮਾਇੰਦਗੀ ਅਸੈਂਬਲੀ ਵਿਚ ਘੱਟ ਹੁੰਦੀ ਹੈ, ਉਹਨਾਂ ਨੂੰ ਅਸੈਂਬਲੀ ਤਕ ਪਹੁੰਚ ਕਰਨ ਦਾ ਵੱਧ ਮੌਕਾ ਦਿੱਤਾ ਜਾਏ। ਇਹਦਾ ਅਰਥ ਹੈ ਆਮ ਜਾਣਕਾਰੀ, ਅਸੈਂਬਲੀ ਦੀਆਂ ਕਾਰਵਾਈਆਂ, ਨੌਕਰੀ ਲੈ ਸਕਣ ਦੇ ਮੌਕਿਆਂ ਬਾਰੇ ਜਾਣਕਾਰੀ ਦੇਣਾ ਅਤੇ ਸਾਡੀ ਬਿਲਡਿੰਗ, ਯਾਨੀ ਸੈਨੈੱਡ, ਤਕ ਪਹੁੰਚ ਕਰ ਸਕਣਾ।

ਹੋ ਸਕਦਾ ਹੈ ਕਿ ਤੁਸੀਂ ਕੁਝ ਸੁਝਾਓ ਦੇ ਸਕੋ ਕਿ ਇਹਨਾਂ ਸਹੂਲਤਾਂ ਤਕ ਤੁਹਾਡੀ ਪਹੁੰਚ ਵੱਧ ਚੰਗੀ ਕਿਵੇਂ ਬਣਾਈ ਜਾ ਸਕਦੀ ਹੈ।

ਹੇਠ ਲਿਖੇ ਮੁੱਦਿਆਂ ਬਾਰੇ ਅਸੀਂ ਤੁਹਾਡੇ ਵਿਚਾਰ ਜਾਨਣਾ ਚਾਹੁੰਦੇ ਹਾਂ, ਅਤੇ ਇਹ ਵੀ ਕਿ ਇਹਨਾਂ ਦਾ ਤੁਹਾਡੇ 'ਤੇ, ਤੁਹਾਡੇ ਪਰਿਵਾਰ/ਦੋਸਤਾਂ 'ਤੇ ਜਾਂ ਤੁਹਾਡੇ ਭਾਈਚਾਰੇ ਦੇ ਲੋਕਾਂ 'ਤੇ ਕੀ ਅਸਰ ਪੈ ਸਕਦਾ ਹੈ। **ਕਿਰਪਾ ਕਰਕੇ ਇਸ ਪਰਚੇ ਬਾਰੇ ਆਪਣੇ ਪਰਿਵਾਰ, ਦੋਸਤਾਂ ਨੂੰ ਦੱਸੋ ਅਤੇ ਤੁਹਾਡੇ ਖ਼ਿਆਲ ਅਨੁਸਾਰ ਜੇ ਹੋਰ ਲੋਕਾਂ ਦੀ ਦਿਲਚਸਪੀ ਇਸ ਕੰਮ ਵਿਚ ਹੋ ਸਕਦੀ ਹੈ, ਤਾਂ ਉਹਨਾਂ ਨੂੰ ਵੀ ਦੱਸੋ।**

**ਜੇ ਤੁਸੀਂ ਆਪਣੇ ਵਿਚਾਰ ਸਿੱਧਿਆਂ ਈਮੇਲ ਰਾਹੀਂ ਭੇਜਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਕੁਆਲਿਟੀਜ਼ ਟੀਮ ਨੂੰ ਈਮੇਲ ਭੇਜੋ, ਜਿਹਦਾ ਈਮੇਲ ਪਤਾ ਇਹ ਹੈ - equalities.team@wales.gsi.gov.uk ਜਾਂ ਜੇ ਤੁਸੀਂ ਚਾਹੋ, ਤਾਂ ਹੌਲੀ ਜਾਂ ਰੌਸ (ਇਕੁਆਲਿਟੀਜ਼ ਟੀਮ) ਨਾਲ ਫ਼ੋਨ ਨੰਬਰ 029 2089 8204029 'ਤੇ ਗੱਲ ਕਰ ਸਕਦੇ ਹੋ। ਵਿਚਾਰ ਭੇਜਣ ਦੀ ਆਖ਼ਰੀ ਤਾਰੀਖ਼ 29 ਅਗਸਤ August 2008 ਹੈ।**

ਕਿਰਪਾ ਕਰਕੇ ਹੇਠ ਲਿਖੇ ਮੁੱਦਿਆਂ ਬਾਰੇ ਤੁਸੀਂ ਆਪਣੇ ਵਿਚਾਰ ਸਾਨੂੰ ਦੱਸੋ

## ਜਾਣਕਾਰੀ ਮਿਲਣਾ

- ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਨੈਸ਼ਨਲ ਅਸੈਂਬਲੀ ਫ਼ਾੱਰ ਵੇਲਜ਼ ਬਾਰੇ ਜਾਣਕਾਰੀ ਕਿਵੇਂ ਹਾਸਿਲ ਕਰ ਸਕਦੇ ਹੋ?
- ਕੀ ਤੁਸੀਂ ਕਦੇ ਸਾਡੀ ਵੈੱਬਸਾਈਟ (www.assemblywales.org) ਦੀ ਵਰਤੋਂ ਕੀਤੀ ਹੈ? ਇਹ ਕਿਹੋ ਜਿਹੀ ਹੈ? ਕੀ ਇਹਨੂੰ ਵਰਤਣਾ ਸੌਖਾ ਹੈ? ਇਹਨੂੰ ਹੋਰ ਚੰਗੀ ਕਿਵੇਂ ਬਣਾਇਆ ਜਾ ਸਕਦਾ ਹੈ?
- ਕੀ ਜਾਣਕਾਰੀ ਸਾਨੂੰ ਅੰਗਰੇਜ਼ੀ ਅਤੇ ਵੈਲਸ਼ ਦੇ ਨਾਲ ਨਾਲ ਹੋਰ ਬੋਲੀਆਂ ਵਿਚ ਵੀ ਪੇਸ਼ ਕਰਨੀ ਚਾਹੀਦੀ ਹੈ?
- ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਅਸੈਂਬਲੀ ਦੇ ਕਿਸੇ ਮੈਂਬਰ ਨਾਲ ਸੰਪਰਕ ਕਿਵੇਂ ਕਰ ਸਕਦੇ ਹੋ?

## ਰੁਜ਼ਗਾਰ ਦੇ ਮੌਕੇ ਹਾਸਿਲ ਕਰਨਾ

- ਕੀ ਤੁਸੀਂ ਸਾਡੀਆਂ ਨੌਕਰੀਆਂ ਦੇ ਇਸ਼ਤਿਹਾਰ ਬਾਕਾਇਦਾ ਦੇਖਦੇ ਹੋ?
- ਤੁਸੀਂ ਇਹ ਇਸ਼ਤਿਹਾਰ ਕਿੱਥੇ ਦੇਖਣਾ ਪਸੰਦ ਕਰਦੇ ਹੋ?
- ਕਿਸ ਗੱਲ ਕਰਕੇ ਸਾਡੀ ਕਿਸੇ ਨੌਕਰੀ ਲਈ ਅਰਜ਼ੀ ਦੇਣ ਵਾਸਤੇ ਤੁਹਾਨੂੰ ਉਤਸ਼ਾਹ ਮਿਲੇਗਾ?
- ਕਿਸ ਗੱਲ ਕਰਕੇ ਸਾਡੀ ਕਿਸੇ ਨੌਕਰੀ ਲਈ ਅਰਜ਼ੀ ਦੇਣ ਵਾਸਤੇ ਤੁਹਾਡਾ ਦਿਲ ਨਹੀਂ ਕਰੇਗਾ?

## ਕਾਰਵਾਈ ਬਾਰੇ ਜਾਣਕਾਰੀ ਮਿਲਣਾ

- ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਅਸੈਂਬਲੀ ਦੀਆਂ ਮੀਟਿੰਗਾਂ ਹੁੰਦੀਆਂ ਦੇਖ ਸਕਦੇ ਹੋ? ਕੀ ਤੁਸੀਂ ਕਦੇ ਇਹ ਕੰਮ ਕੀਤਾ ਹੈ? ਇਹਦੇ ਬਾਰੇ ਤੁਹਾਡੇ ਕੀ ਵਿਚਾਰ ਹਨ?
- ਕੀ ਤੁਹਾਨੂੰ ਪਤਾ ਹੈ ਕਿ ਅਸੈਂਬਲੀ ਦੀਆਂ ਮੀਟਿੰਗਾਂ ਤੁਸੀਂ ਇੰਟਰਨੈਟ 'ਤੇ ਵੀ ਦੇਖ ਸਕਦੇ ਹੋ? ਕੀ ਤੁਹਾਨੂੰ ਪਤਾ ਹੈ ਕਿ ਇੰਟਰਨੈਟ 'ਤੇ ਕਿੱਥੇ ਤੁਸੀਂ ਇਹ ਦੇਖ ਸਕਦੇ ਹੋ?
- ਕੀ ਤੁਹਾਨੂੰ ਅਸੈਂਬਲੀ ਦੇ ਪੈਟੀਸ਼ਨ ਵਾਲੇ ਢੰਗ ਬਾਰੇ ਪਤਾ ਹੈ, ਜਦ ਆਮ ਪਬਲਿਕ ਦੇ ਲੋਕ ਅਸੈਂਬਲੀ ਨੂੰ ਕਿਸੇ ਮੁੱਦੇ ਬਾਰੇ ਵਿਚਾਰ ਕਰਨ ਲਈ ਆਖ ਸਕਦੇ ਹਨ?

## ਸਾਡੀਆਂ ਬਿਲਡਿੰਗਾਂ ਤਕ ਪਹੁੰਚ

- ਕੀ ਤੁਸੀਂ ਕਦੇ ਕਾਰਡਿਫ਼ ਬੇਅ ਵਿਚ ਸੈਨੈੱਡ ਗਏ ਹੋ? ਤੁਸੀਂ ਇਸ ਬਿਲਡਿੰਗ ਵਿਚ ਘੁੰਮ ਕੇ ਦੇਖ ਸਕਦੇ ਹੋ, ਅਸੈਂਬਲੀ ਦੀ ਕਾਰਵਾਈ ਦੇਖ ਸਕਦੇ ਹੋ, ਜਾਂ ਵੈਸੇ ਹੀ ਘੁੰਮਣ ਫਿਰਨ ਲਈ ਅਤੇ ਕਿਸੇ ਕੈਫ਼ੇ ਵਿਚ ਚਾਹ ਪਾਣੀ ਪੀਣ ਲਈ ਆ ਸਕਦੇ ਹੋ।
- ਜੇ ਤੁਸੀਂ ਕਦੇ ਸੈਨੈੱਡ ਵਿਚ ਗਏ ਹੋ? ਇਹਦੇ ਬਾਰੇ ਤੁਹਾਡੇ ਕੀ ਵਿਚਾਰ ਹਨ? ਇਹਨੂੰ ਹੋਰ ਵਧੀਆ ਕਿਵੇਂ ਬਣਾਇਆ ਜਾ ਸਕਦਾ ਹੈ?

ਕੀ ਕੋਈ ਹੋਰ ਗੱਲ ਵੀ ਹੈ ਜੋ ਤੁਸੀਂ ਸਾਡੇ ਧਿਆਨ ਵਿਚ ਲਿਆਉਣਾ ਚਾਹੁੰਦੇ ਹੋ?

**ਸੈਨੈੱਡ ਵਿਚ ਪਲੀਨਰੀ ਜਾਂ ਕਮੇਟੀ ਮੀਟਿੰਗਾਂ ਲਈ ਸੀਟਾਂ ਬੁਕ ਕਰਵਾਉਣ ਲਈ ਤੁਸੀਂ ਬੁਕਿੰਗ ਲਾਈਨ ਨੂੰ ਨੰਬਰ 0845 010 5500 'ਤੇ ਫ਼ੋਨ ਕਰ ਸਕਦੇ ਹੋ, ਜਾਂ ਨੰਬਰ 0845 010 5678 'ਤੇ ਟੈਕਸਟਫ਼ੋਨ ਕਰ ਸਕਦੇ ਹੋ।**

**ਜਾਂ ਇਸ ਪਤੇ 'ਤੇ ਈਮੇਲ ਭੇਜ ਸਕਦੇ ਹੋ - assembly.bookings@Wales.gsi.gov.uk**

**ਜਾਂ ਇਸ ਪਤੇ 'ਤੇ ਖ਼ਤ ਲਿਖ ਸਕਦੇ ਹੋ - Assembly Booking Service, National Assembly for Wales, North Wales Visitor Centre, Princes Park, Princes Drive, Colwyn Bay, Conwy LL29 8PL**